THE PUNJAB STATE BOARD OF TECHNICAL
EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ:-ਆਈ.ਟੀ.ਆਈ./ਸੈਂਟਰ-ਜਨਵਰੀ2016/ 32 06 ਈਮੇਲ ਰਾਹੀ ਮਿਤੀ:- 24/9/2015

ਸੇਵਾ ਵਿਖੇ

ਪ੍ਰਿੰਸੀਪਲ/ਮੁਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ/ਆਰਟ ਐਂਡ ਕਰਾਫਟ ਸੰਸਥਾਵਾਂ
ਅਤੇ ਟੀਚਰ ਟਰੇਨਿੰਗ ਸੰਸਥਾਵਾਂ ਪੰਜਾਬ ਰਾਜ ਅਧੀਨ।

**ਵਿਸ਼ਾ: ਜਨਵਰੀ-2016 ਵਿੱਚ ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ./ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਦੀ ਹੋਣ ਵਾਲੀ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਨਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਮਾਨਯੋਗ ਸਕੱਤਰ ਸਾਹਿਬ ਜੀ ਵਲੋਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਨਮੁੱਖ ਜਨਵਰੀ-2016 ਵਿੱਚ ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ./ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਦੀ ਪ੍ਰੀਖਿਆ ਕਰਵਾਏ ਜਾਣ ਦੀ ਤਜਵੀਜ ਵਿਚਾਰ ਅਧੀਨ ਹੈ। ਇਸ ਪ੍ਰੀਖਿਆ ਦੌਰਾਨ ਪ੍ਰੀਖਿਆ ਕੇਂਦਰ ਬਨਾਉਣ ਲਈ ਹੇਠ ਦਰਸਾਏ ਅਨੁਸਾਰ ਲੋੜੀਂਦੀ ਸੂਚਨਾ ਮਿਤੀ:-05-10-2015 ਤੱਕ ਹਰ ਹਾਲਤ ਵਿੱਚ ਈ-ਮੇਲ ਰਾਹੀ ਈਮੇਲ ਐਡਰਸ ceitipunjab@gmail.com ਤੇ ਅਤੇ ਡਾਕ ਰਾਹੀ ਵੀ ਭੇਜਣਾ ਯਕੀਨੀ ਬਣਾਇਆ ਜਾਵੇ।

1.

| Name of ITI | Institute Code (3 digit) | DGET Code (eg. GU09000094) | Name of Principal | Mobile No. of Principal/Alternate emergency Phone No. | Email ID No. |
|---|---|---|---|---|---|
| | | | | | |

2. ਸੰਸਥਾ ਵਿਖੇ ਪ੍ਰੀਖਿਆ ਦੌਰਾਨ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਭੇਜੀ ਜਾਵੇ:-

| i)Name of Trade | Sem-1 | | Sem-2 | | Sem-3 | | Sem-4 | | Conventional(Old Pattern) | |
|---|---|---|---|---|---|---|---|---|---|---|
| | NCVT | SCVT | NCVT | SCVT | NCVT | SCVT | NCVT | SCVT | NCVT | SCVT |
| | | | | | | | | | | |
| | | | | | | | | | | |

| ii)Art & Craft | | Teacher Training |
|---|---|---|
| Ist year | 2nd year | No. of Students |
| | | |

3. ਸੰਸਥਾ ਵਿੱਚ ਪ੍ਰੀਖਿਆ ਦੌਰਾਨ (per shift) ਕਿੰਨੇ ਸਿਖਿਆਰਥੀਆਂ ਨੂੰ ਪ੍ਰੀਖਿਆ ਸੈਂਟਰ ਵਿੱਚ ਬੈਠਾਉਣ ਦੀ capacity ਹੈ। ਇਸ ਤੋਂ ਇਲਾਵਾ ਸੰਸਥਾ ਵਿਖੇ ਪ੍ਰਤੀ ਸ਼ਿਫਟ ਪ੍ਰੀਖਿਆ ਕੰਡਕਟ ਕਰਵਾਉਣ ਲਈ ਕਿੰਨੇ ਵਿਦਿਆਰਥੀਆਂ ਲਈ infrastructure/seating ਦਾ ਪ੍ਰਬੰਧ ਹੈ।

4. ਸੰਸਥਾ ਦੇ 25 ਕਿਲੋਮੀਟਰ ਦੇ ਘੇਰੇ (radius) ਵਿੱਚ ਜਿਹੜੀਆਂ ਜਿਹੜੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ (ਸਰਕਾਰੀ ਅਤੇ ਪ੍ਰਾਈਵੇਟ ਦੋਨਾਂ ਦਾ ਵੇਰਵਾ ਵੱਖਰਾ ਵੱਖਰਾ ਦਿੱਤਾ ਜਾਵੇ ) ਆਉਂਦੀਆਂ ਹਨ, ਉਹਨਾਂ ਦੀ ਡੀਟੇਲ ਕਿਲੋਮੀਟਰ ਸਮੇਤ ਦਿੱਤੀ ਜਾਵੇ ਜੀ।

5. ਸੰਸਥਾ ਵਿਖੇ ਕਿਹੜੀਆਂ ਕਿਹੜੀਆਂ ਟਰੇਡਾਂ ਦੀ ਪ੍ਰੈਕਟੀਕਲ ਪ੍ਰੀਖਿਆ ਲੈਣ ਲਈ ਅਤੇ ਕਿੰਨੇ ਸਿਖਿਆਰਥੀਆਂ ਲਈ (ਪ੍ਰਤੀ ਸ਼ਿਫਟ/lot ਵਿੱਚ) infrastructure ਉਪਲੱਬਧ ਹੈ।

6. ਸੰਸਥਾ ਵਿਖੇ ਮੌਜੂਦ ਫੋਟੋਸਟੇਟ ਮਸ਼ੀਨਾਂ (ਕਾਪੀਆਂ ਪ੍ਰਤੀ ਮਿੰਟ) , ਕੰਪਿਊਟਰ (ਪੂਰੀ specificaion ਸਮੇਤ ) ਅਤੇ ਇੰਨਟਰਨੈਟ ਕੰਨਕੈਸ਼ਨ ਦਾ ਵੇਰਵਾ ਭੇਜਿਆ ਜਾਵੇ।

ਉਪਰੋਕਤ ਅਨੁਸਾਰ ਮੰਗੀ ਗਈ ਸੂਚਨਾ ਉਪਲੱਬਧ ਕਰਵਾਉਣ ਸਮੇਂ ਹੇਠ ਦਰਸਾਏ ਅਨੁਸਾਰ ਸਰਟੀਫਿਕੇਟ ਵੀ ਨੱਥੀ ਕਰਕੇ ਭੇਜਣਾ ਯਕੀਨੀ ਬਣਾਇਆ ਜਾਵੇ:-

**ਮੇਰੇ ਵਲੋਂ ਉਪਰੋਕਤ ਅਨੁਸਾਰ ਜੋ ਵੀ ਸੂਚਨਾ ਉਪਲੱਬਧ ਕਰਵਾਈ ਜਾ ਰਹੀ ਹੈ, ਉਹ ਮੇਰੀ ਜਾਣਕਾਰੀ ਮੁਤਾਬਿਕ ਬਿਲਕੁਲ ਪੂਰੀ, ਸਹੀ ਅਤੇ ਦਰੁਸਤ ਹੈ। ਇਸ ਨੂੰ ਮੇਰੇ ਵਲੋਂ ਨਿੱਜੀ ਤੌਰ ਤੇ ਵੀ ਚੈਕ ਕਰ ਲਿਆ ਗਿਆ ਹੈ ਅਤੇ ਕਿਸੀ ਵੀ ਤਰ੍ਹਾਂ ਦੀ ਸੂਚਨਾ ਨੂੰ ਛੁਪਾਇਆ ਨਹੀਂ ਗਿਆ ਹੈ। ਕਿਸੇ ਵੀ ਤਰ੍ਹਾਂ ਦੀ ਸੂਚਨਾ ਗਲਤ ਹੋਣ ਦੀ ਸੂਰਤ ਵਿੱਚ ਮੇਰੀ ਨਿੱਜੀ ਜ਼ਿੰਮੇਵਾਰੀ ਹੋਵੇਗੀ।**

ਇਹ ਖਾਸ ਦੱਸਣ ਯੋਗ ਹੈ ਕਿ ਸੂਚਨਾ ਸਮੇਂ ਸਿਰ ਮੁਹਈਆ ਨਾਂ ਕਰਵਾਉਣ ਦੀ ਸੂਰਤ ਵਿੱਚ ਸਬੰਧਤ ਸੰਸਥਾ ਨੂੰ ਵਿਸ਼ਾ ਜਿਕਰ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਨਾਉਣ ਲਈ ਵਿਚਾਰਿਆ ਨਹੀਂ ਜਾਵੇਗਾ।

**ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.)**